Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਤੌਹੀਦਿ ਇਲਾਹੀ ਦੇ ਸੰਦਰਭ ਵਿੱਚ ਸੀਰਤ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍ਰਿ-ਰਿਹਿਲ੍ ਅਜ਼ੀਜ਼, 13 ਮਾਰਚ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ
الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا
الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍ਰਿ-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ ਦੋ ਜੁਮਏ ਪਹਿਲਾਂ ਮੈਂ ਆਪ ﷺ ਦੀ ਸੀਰਤ ਦੇ ਪਹਿਲੂ "ਤੌਹੀਦ ਦੇ ਲਈ ਤੜਪ" ਦਾ ਜ਼ਿਕਰ ਕੀਤਾ ਸੀ। ਇਹ ਉਹ **ਮਕ਼ਸਦ** ਸੀ ਜਿਸ ਦੇ ਕ਼ਿਆਮ ਦੇ ਲਈ ਆਪ ﷺ ਆਏ ਅਤੇ ਇਸ ਦੇ ਲਈ ਨਾ ਸਿਰਫ਼ ਆਪ ﷺ ਦੀ ਆਪਣੀ ਕਰਨੀ ਅਤੇ ਕਥਨੀ ਨਾਲ ਤੜਪ ਦਾ ਇਜ਼ਹਾਰ ਹੁੰਦਾ ਹੈ ਬਲਕਿ ਆਪ ﷺ ਦੇ ਆਪਣੇ ਸਹਾਬਾ ਵਿੱਚ, ਆਪਣੇ ਮੰਨਣ ਵਾਲਿਆਂ ਵਿੱਚ ਵੀ ਤੌਹੀਦ ਦੀ ਖ਼ਾਤਿਰ ਹਰ ਕ਼ੁਰਬਾਨੀ ਦੇਣ ਦੇ ਲਈ ਤਿਆਰ ਰਹਿਣ ਦੀ ਅਜਿਹੀ ਰੂਹ ਫੂਕੀ ਜਿਸ ਦੀ ਕੋਈ ਮਿਸਾਲ ਨਹੀਂ ਮਿਲਦੀ।

ਅੱਜ ਵੀ ਮੈਂ ਆਪ ﷺ ਦੀ ਸੀਰਤ ਦੇ ਇਸੇ ਪਹਿਲੂ ਦਾ ਜ਼ਿਕਰ ਕਰਾਂਗਾ ਅਤੇ ਇਸੇ ਹਵਾਲੇ ਨਾਲ ਕੁੱਝ ਸਹਾਬਾ ਦੀਆਂ ਕ਼ੁਰਬਾਨੀਆਂ ਦਾ ਵੀ ਜ਼ਿਕਰ ਆ ਜਾਵੇਗਾ।

ਇੱਕ ਵਾਰ **ਮੁਸ਼ਰਿਕਾਂ** ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕਿਹਾ ਕਿ ਕੀ ਤੁਸੀਂ ਸਾਡੇ ਬੁੱਤਾਂ ਦੇ ਬਾਰੇ ਇਹ ਗੱਲ ਨਹੀਂ ਕਰਦੇ? ਆਪ ﷺ ਨੇ ਫ਼ਰਮਾਇਆ ਹਾਂ। ਇਸ 'ਤੇ ਉਹ ਆਪ ﷺ ਦੇ ਆਲੇ ਦੁਆਲੇ ਜਮ੍ਹਾ ਹੋ ਗਏ। ਉਸ ਵੇਲੇ ਕਿਸੇ ਨੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੂੰ ਕਿਹਾ ਕਿ ਆਪਣੇ ਦੋਸਤ ਦੀ ਖ਼ਬਰ ਲਓ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨਿਕਲੇ ਅਤੇ ਮਸਜਿਦਿ ਹਰਾਮ ਵਿੱਚ ਪਹੁੰਚੇ। ਆਪ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ ਹਾਲ ਵਿੱਚ ਪਾਇਆ ਕਿ ਲੋਕ ਆਪ ﷺ ਦੇ ਆਲੇ ਦੁਆਲੇ ਇੱਕੱਠੇ ਹੋਏ ਸਨ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਕਿਹਾ: أَتَقْتُلُوْنَ رَجُلًا أَنْ يَّقُوْلَ رَبِّيَ اللّٰهُ وَقَدْ جَآءَكُمْ بِالْبَيِّنٰتِ ਤੁਹਾਡਾ ਬੁਰਾ ਹੋਵੇ, ਕੀ ਤੁਸੀਂ ਇਸ ਲਈ ਇਸ ਸ਼ਖ਼ਸ ਨੂੰ **ਕ਼ਤਲ** ਕਰੋਗੇ ਕਿ ਉਹ ਕਹਿੰਦਾ ਹੈ ਕਿ ਮੇਰਾ ਰੱਬ ਅੱਲਾਹ ਹੈ? ਇਸ 'ਤੇ ਉਨ੍ਹਾਂ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਛੱਡ ਦਿੱਤਾ ਅਤੇ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੇ ਵੱਲ ਹੋ ਗਏ ਅਤੇ ਉਨ੍ਹਾਂ ਨੂੰ ਮਾਰਨ ਲੱਗੇ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਦੀ ਬੇਟੀ ਕਹਿੰਦੀ ਹਨ ਕਿ ਆਪ ਰਜ਼ਿ ਅੱਲਾਹੁ ਅਨਹੁ ਸਾਡੇ ਕੋਲ ਇਸ ਹਾਲਤ ਵਿੱਚ ਆਏ ਕਿ ਆਪ ਰਜ਼ਿ ਅੱਲਾਹੁ ਅਨਹੁ ਆਪਣੇ ਵਾਲਾਂ ਨੂੰ ਹੱਥ ਲਾਉਂਦੇ ਸਨ ਤਾਂ ਉਹ ਆਪ ਰਜ਼ਿ ਅੱਲਾਹੁ ਅਨਹੁ ਦੇ ਹੱਥ ਵਿੱਚ ਆ ਜਾਂਦੇ ਸਨ।

ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਫ਼ਰਮਾਇਆ ਕਿ ਇੱਕ ਵਾਰ ਆਪ ﷺ ਬਾਜ਼ਾਰ ਵਿੱਚੋਂ ਲੰਘ ਰਹੇ ਸਨ। ਮੱਕੇ ਦੇ **ਅਵਾਰਾ** ਲੋਕਾਂ ਦੀ ਇੱਕ ਜਮਾਅਤ ਆਪ ﷺ ਦੇ ਆਲੇ ਦੁਆਲੇ ਜਮ੍ਹਾ ਹੋ ਗਈ ਅਤੇ ਰਸਤੇ ਭਰ ਆਪ ﷺ ਦੀ ਗਰਦਨ ਦੇ ਇਹ ਕਹਿ ਕੇ ਥੱਪੜ ਮਾਰਦੀ ਚਲੀ ਗਈ ਕਿ ਲੋਕੋ ਇਹ ਉਹ ਸ਼ਖ਼ਸ ਹੈ ਜੋ

ਕਹਿੰਦਾ ਹੈ ਕਿ ਮੈਂ **ਨਬੀ** ਹਾਂ। ਆਪ ﷺ ਦੇ ਘਰ ਵਿੱਚ ਆਲ਼ੇ ਦੁਆਲ਼ੇ ਦੇ ਘਰਾਂ ਵਿੱਚੋਂ ਲਗਾਤਾਰ ਪੱਥਰ ਸੁੱਟੇ ਜਾਂਦੇ ਸਨ। ਆਪ ﷺ ਦੇ ਘਰ ਵਿੱਚ ਗੰਦੀਆਂ ਚੀਜ਼ਾਂ ਸੁੱਟੀਆਂ ਜਾਂਦੀਆਂ ਸਨ। ਖਾਣਾ ਪਕਾਉਣ ਵਾਲ਼ੀਆਂ ਜਗ੍ਹਾਵਾਂ ਵਿੱਚ ਵੀ ਗੰਦੀਆਂ ਚੀਜ਼ਾਂ ਸੁੱਟੀਆਂ ਜਾਂਦੀਆਂ ਸਨ। ਪਰ ਹਜ਼ਾਰਾਂ ਹਜ਼ਾਰ **ਦਰੂਦ** ਹੋਣ ਆਪ ﷺ ਦੀ ਬਾ-ਬਰਕਤ ਜ਼ਾਤ 'ਤੇ ਕਿ ਤੌਹੀਦ ਦੇ ਕ਼ਿਆਮ ਦੇ ਲਈ ਜਿਹੜੀ ਤੜਪ ਆਪ ﷺ ਦੇ ਸੀਨੇ ਵਿੱਚ ਮੌਜਜ਼ਨ ਸੀ ਉਹ ਕਦੀ ਵੀ ਇੱਕ ਲਮਹੇ ਦੇ ਲਈ ਵੀ ਘੱਟ ਨਾ ਹੋਈ ਅਤੇ ਇਨ੍ਹਾਂ ਸਾਰੀਆਂ ਤਕਲੀਫ਼ਾਂ ਨੂੰ ਗੋਇਆ ਖੁੱਲ੍ਹ ਦਿਲੀ ਨਾਲ਼, ਬੜੀ ਖ਼ੁਸ਼ੀ ਦੇ ਨਾਲ਼ ਕ਼ਬੂਲ ਕੀਤਾ ਅਤੇ ਫਿਰ ਵੀ ਇਨਸਾਨੀਅਤ ਨਾਲ਼ **ਨਰਮੀ** ਅਤੇ **ਮੁਹੱਬਤ** ਵਿੱਚ ਰਤਾ ਭਰ ਵੀ ਕਮੀ ਨਹੀਂ ਹੋਈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇੱਕ ਵਾਰ ਆਪ ﷺ ਮਸਜਿਦਿ ਹਰਾਮ ਵਿੱਚ ਖੜੇ ਹੋਏ ਅਤੇ ਮੱਕੇ ਦੇ ਮੁਸ਼ਰਿਕਾਂ ਨੂੰ ਮੁਖ਼ਾਤਿਬ ਕਰਦੇ ਹੋਏ ਫ਼ਰਮਾਇਆ: ਕਹੋ, ਲਾ ਇਲਾਹਾ ਇੱਲੱਲਾਹ (لا الہ الا اللہ) ਯਾਨੀ ਅੱਲਾਹ ਦੇ ਸਿਵਾ ਕੋਈ ਇਬਾਦਤ ਦੇ ਲਾਇਕ਼ ਨਹੀਂ ਹੈ। ਤੁਸੀਂ ਕਾਮਯਾਬ ਹੋ ਜਾਓਗੇ। ਕ਼ੁਰੈਸ਼ ਆਪ ﷺ ਤੇ ਟੁੱਟ ਪਏ। ਹਜ਼ਰਤ ਹਾਰਿਸ ਬਿਨ ਅਬੀ ਹਾਲਾ ਰਜ਼ਿ ਅੱਲਾਹੁ ਅਨਹੁ ਸਭ ਤੋਂ ਪਹਿਲਾਂ ਆਪ ﷺ ਦੇ ਕੋਲ਼ ਪਹੁੰਚੇ। ਹਜ਼ਰਤ ਹਾਰਿਸ ਰਜ਼ਿ ਅੱਲਾਹੁ ਅਨਹੁ ਨੇ ਆਪ ﷺ ਨੂੰ ਬਚਾਉਣ ਦੇ ਲਈ ਉਨ੍ਹਾਂ ਲੋਕਾਂ ਨਾਲ਼ ਲੜਨਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਅਲਹਿਦਾ ਕਰ ਦਿੱਤਾ। ਫਿਰ ਉਹ ਸਾਰੇ ਉਨ੍ਹਾਂ 'ਤੇ ਟੁੱਟ ਪਏ ਇੱਥੋਂ ਤੱਕ ਕਿ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ।

ਮੱਕੇ ਦੇ **ਕਾਫਿਰਾਂ** ਨੇ ਤਿੰਨ ਸਾਲ ਤੱਕ ਆਪ ﷺ ਨੂੰ ਅਤੇ ਆਪ ﷺ ਦੇ ਖ਼ਾਨਦਾਨ ਵਾਲਿਆਂ ਨੂੰ **ਸ਼ਿਅਬਿ ਅਬੀ ਤਾਲਿਬ** ਵਿੱਚ ਇਸ ਤਰ੍ਹਾਂ ਕ਼ੈਦ ਰੱਖਿਆ ਕਿ ਹਰ ਕ਼ਿਸਮ ਦਾ ਸੋਸ਼ਲ ਬਾਈਕਾਟ ਕਰ ਦਿੱਤਾ ਗਿਆ। ਜਦ ਇਹ ਖ਼ਤਮ ਹੋਇਆ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤੌਹੀਦ ਦਾ ਪ੍ਰਚਾਰ ਪਹਿਲਾਂ ਤੋਂ ਵਧ ਕੇ ਆਮ ਕਰ ਦਿੱਤਾ।

ਆਪ ﷺ ਦੇ ਤਾਇਫ਼ ਦੇ ਸਫ਼ਰ ਦਾ ਵੀ ਮਸ਼ਹੂਰ ਵਾਕ਼ਿਆ ਹੈ। ਉੱਥੇ ਆਪ ﷺ 'ਤੇ ਜਿਹੜਾ ਜ਼ੁਲਮ ਹੋਇਆ ਤਾਰੀਖ਼ ਵਿੱਚ ਵੱਖ ਵੱਖ ਹਵਾਲਿਆਂ ਨਾਲ਼ ਬਿਆਨ ਹੋਇਆ ਹੈ। ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ ਹੈ ਕਿ ਜਦ ਸ਼ਿਅਬਿ ਅਬੀ ਤਾਲਿਬ ਦਾ ਘੇਰਾ ਉੱਠ ਗਿਆ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇਰਾਦਾ ਫ਼ਰਮਾਇਆ ਕਿ ਤਾਇਫ਼ ਵਿੱਚ ਜਾ ਕੇ ਉੱਥੋਂ ਦੇ ਲੋਕਾਂ ਨੂੰ ਇਸਲਾਮ ਦੀ ਦਾਅਵਤ ਦੇਣ। ਆਪ ﷺ ਨੇ ਤਾਇਫ਼ ਵਿੱਚ ਦਸ ਦਿਨ ਰਿਹਾਇਸ਼ ਕੀਤੀ ਅਤੇ ਸ਼ਹਿਰ ਦੇ ਬਹੁਤ ਸਾਰੇ ਸਰਦਾਰਾਂ ਨੂੰ ਇੱਕ ਦੇ ਬਾਅਦ ਇੱਕ ਮੁਲਾਕ਼ਾਤ ਕੀਤੀ ਪਰ ਉਸ ਸ਼ਹਿਰ ਦੀ ਕ਼ਿਸਮਤ ਵਿੱਚ ਮੱਕੇ ਦੀ ਤਰ੍ਹਾਂ ਉਸ ਵੇਲ਼ੇ ਇਸਲਾਮ ਲਿਆਉਣਾ **ਮੁਕ਼ੱਦਰ** ਨਹੀਂ ਸੀ। ਆਖ਼ਿਰ ਆਪ ﷺ ਨੇ ਤਾਇਫ਼ ਦੇ ਸਭ ਤੋਂ ਵੱਡੇ ਸਰਦਾਰ ਦੇ ਕੋਲ਼ ਜਾ ਕੇ ਇਸਲਾਮ ਦੀ ਦਾਅਵਤ ਦਿੱਤੀ ਪਰ ਉਸ ਨੇ ਵੀ ਸਾਫ਼ ਇਨਕਾਰ ਕੀਤਾ ਅਤੇ ਕਹਿਣ ਲੱਗਾ ਬਿਹਤਰ ਹੋਵੇਗਾ ਕਿ ਤੁਸੀਂ ਇੱਥੋਂ ਚਲੇ ਜਾਓ। ਉਸ ਦੇ ਬਾਅਦ ਉਸ ਬਦ-ਕ਼ਿਸਮਤ ਨੇ ਸ਼ਹਿਰ ਦੇ ਅਵਾਰਾ ਲੋਕ ਆਪ ﷺ ਦੇ ਪਿੱਛੇ ਲਾ ਦਿੱਤੇ। ਇਹ ਲੋਕ ਸ਼ੋਰ ਕਰਦੇ ਹੋਏ ਆਪ ﷺ ਦੇ ਪਿੱਛੇ ਹੋ ਪਏ ਅਤੇ ਆਪ ﷺ 'ਤੇ ਪੱਥਰ ਬਰਸਾਉਣੇ ਸ਼ੁਰੂ ਕੀਤੇ ਜਿਸ ਨਾਲ਼ ਆਪ ﷺ ਦਾ ਸਾਰਾ ਬਦਨ ਖ਼ੂਨ ਨਾਲ਼ ਤਰ-ਬ-ਤਰ ਹੋ ਗਿਆ। ਤਾਇਫ਼ ਤੋਂ ਤਿੰਨ ਮੀਲ ਦੇ ਫ਼ਾਸਲੇ 'ਤੇ ਮੱਕੇ ਦੇ ਸਰਦਾਰ ਉਤਬਾ ਬਿਨ ਰਬੀਆ ਦਾ ਇੱਕ ਬਾਗ਼ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਵਿੱਚ ਜਾ ਕੇ ਪਨਾਹ ਲਈ ਅਤੇ ਜ਼ਾਲਿਮ ਲੋਕ ਥੱਕ ਕੇ ਵਾਪਿਸ ਪਰਤ ਗਏ। ਉਤਬਾ ਨੇ ਆਪਣੇ ਇੱਕ ਈਸਾਈ ਗ਼ੁਲਾਮ ਅੱਦਾਸ ਦੇ ਹੱਥ ਆਪ ﷺ ਨੂੰ ਇੱਕ ਥਾਲ਼ੀ ਵਿੱਚ ਅੰਗੂਰ ਭੇਜੇ। ਆਪ ﷺ ਨੇ ਅੱਦਾਸ ਕੋਲ਼ੋਂ ਉਸਦਾ ਨਾਮ ਪੁੱਛਿਆ ਅਤੇ ਕਿਹਾ ਕਿ ਤੂੰ ਕਿੱਥੋਂ ਹੈਂ? ਉਸ ਨੇ ਕਿਹਾ ਕਿ ਮੈਂ ਨੇਨਵਾ ਤੋਂ ਹਾਂ। ਆਪ ﷺ ਨੇ ਫ਼ਰਮਾਇਆ ਕਿ ਮੈਂ ਤੁਹਾਡੀ ਬਸਤੀ ਵਿੱਚ ਆਉਣ ਵਾਲ਼ੇ ਨਬੀ ਯੂਨਸ ਬਿਨ ਮਤਾ ਦਾ ਭਾਈ ਹਾਂ। ਥੋੜੀ ਦੇਰ ਆਪ ﷺ ਨੇ ਉਸ ਬਾਗ਼ ਵਿੱਚ ਆਰਾਮ ਫ਼ਰਮਾਇਆ ਅਤੇ ਫਿਰ ਉੱਥੋਂ ਰਵਾਨਾ ਹੋਏ।

ਫ਼ਰਮਾਇਆ: ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੌਹੀਦ ਦੇ ਕ਼ਿਆਮ ਦੇ ਲਈ ਮੱਕੇ ਵਿੱਚ **ਨਿਜੀ** ਅਤੇ **ਸਮੂਹਿਕ** ਤਬਲੀਗ਼ ਦਾ ਫ਼ਰੀਜ਼ਾ ਅੰਜਾਮ ਦਿੰਦੇ ਸਨ। ਅਰਬ ਦੇ ਬਾਜ਼ਾਰਾਂ ਵਿੱਚ ਚਲੇ ਜਾਇਆ ਕਰਦੇ ਅਤੇ ਉੱਥੇ ਖ਼ੁਦਾਇ ਵਾਹਿਦ ਲਾ ਸ਼ਰੀਕ ਦੇ ਵੱਲ ਆਉਣ ਦਾ ਪੈਗ਼ਾਮ ਦਿੰਦੇ। ਮੱਕੇ ਤੋਂ ਬਾਹਰ ਵੱਖ ਵੱਖ ਜਗ੍ਹਾਵਾਂ 'ਤੇ ਲੋਕ ਇੱਕੱਠੇ

ਹੋਇਆ ਕਰਦੇ ਸਨ, ਉਨ੍ਹਾਂ ਨੂੰ **ਅਸ੍-ਵਾਕੁਲ ਅਰਬ** ਕਿਹਾ ਜਾਂਦਾ ਹੈ। ਉਨ੍ਹਾਂ ਵਿੱਚ **ਉਕਾਜ਼**, **ਮੁਜੰਨਾ** ਅਤੇ **ਜ਼ੁਲ੍-ਮਜਾਜ਼** ਅਰਬ ਦੇ ਬਾਜ਼ਾਰ ਸਨ। ਹਜ਼ਰਤ ਜਾਬਿਰ ਰਜ਼ਿ ਅੱਲਾਹੁ ਅਨਹੁ ਤੋਂ ਰਿਵਾਇਤ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹੱਜ ਦੇ ਦਿਨਾਂ ਵਿੱਚ ਉਕਾਜ਼ ਅਤੇ ਮੁਜੰਨਾ ਦੇ ਮੇਲਿਆਂ ਵਿੱਚ ਜਾਂਦੇ ਅਤੇ ਲੋਕਾਂ ਨੂੰ ਘਰਾਂ ਅਤੇ ਕ਼ਿਆਮ ਗਾਹਾਂ ਵਿੱਚ ਜਾ ਕੇ ਦਾਅਵਤ ਦਿੰਦੇ। ਆਪ ﷺ ਫ਼ਰਮਾਉਂਦੇ ਕੌਣ ਹੈ ਜਿਹੜਾ ਮੈਨੂੰ ਪਨਾਹ ਦੇਵੇਗਾ? ਕੌਣ ਹੈ ਜਿਹੜਾ ਮੇਰੀ ਮਦਦ ਕਰੇਗਾ ਤਾਂ ਜੋ ਮੈਂ ਆਪਣੇ ਰੱਬ ਦਾ ਪੈਗ਼ਾਮ ਪਹੁੰਚਾ ਦੇਵਾਂ?

ਮੱਕੇ ਦੇ **ਕੁਰੈਸ਼** ਇੱਕ ਪਾਸੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸਲਾਮ ਦੀ ਤਬਲੀਗ਼ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕਰਦੇ ਰਹੇ ਅਤੇ ਦੂਜੇ ਪਾਸੇ ਇਸਲਾਮ ਕ਼ਬੂਲ ਕਰਨ ਵਾਲਿਆਂ 'ਤੇ **ਜ਼ੁਲਮ** ਅਤੇ **ਬਰਬਰੀਅਤ** ਦਾ ਉਹ ਬਾਜ਼ਾਰ ਗਰਮ ਕੀਤਾ ਅਤੇ ਅਜਿਹਾ **ਵਹਿਸ਼ੀਆਨਾ** ਸਲੂਕ ਕੀਤਾ ਕਿ ਕ਼ਲਮ ਵਿੱਚ ਤਫ਼ਸੀਲ ਲਿਖਣ ਦੀ ਤਾਕ਼ਤ ਨਹੀਂ। ਹਜ਼ਰਤ ਬਿਲਾਲ ਰਜ਼ਿ ਅੱਲਾਹੁ ਅਨਹੁ ਇਮਾਨ ਲਿਆਏ ਤਾਂ ਉਨ੍ਹਾਂ ਦੇ ਮਾਲਿਕ ਨੇ ਉਨ੍ਹਾਂ ਨੂੰ ਪਕੜ ਕੇ ਜ਼ਮੀਨ 'ਤੇ ਲਿਟਾ ਦਿੱਤਾ ਅਤੇ ਉਨ੍ਹਾਂ ਦੇ ਉੱਪਰ ਵੱਡੇ ਪੱਥਰ ਅਤੇ ਗਾਂ ਦੀ ਖੱਲ ਪਾ ਦਿੱਤੀ ਅਤੇ ਕਹਿਣ ਲੱਗਾ ਕਿ ਤੇਰਾ ਰੱਬ **ਲਾਤ** ਅਤੇ **ਉੱਜ਼ਾ** ਹੈ ਪਰ ਆਪ ਰਜ਼ਿ ਅੱਲਾਹੁ ਅਨਹੁ **ਅਹਦ ਅਹਦ** (احد احد) ਹੀ ਕਹਿੰਦੇ ਸਨ। ਫਿਰ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਸੱਤ ਔਕ਼ਿਯਾ ਯਾਨੀ 280 ਦੀਨਾਰ ਵਿੱਚ ਖ਼ਰੀਦ ਕੇ ਆਜ਼ਾਦ ਕਰ ਦਿੱਤਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਮੱਕੇ ਦੇ ਕੁਰੈਸ਼ ਸਿਰਫ਼ ਮੁਸਲਮਾਨਾਂ 'ਤੇ ਹੀ ਜ਼ੁਲਮ ਨਹੀਂ ਕਰਦੇ ਸਨ ਬਲਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਬਾਰਕ ਜ਼ਾਤ ਵੀ ਕਿਸੇ ਤਰ੍ਹਾਂ ਮਹਿਫ਼ੂਜ਼ ਨਹੀਂ ਸੀ। ਸਭ ਤੋਂ ਜ਼ਿਆਦਾ ਦੁੱਖ ਅਤੇ ਤਕਲੀਫ਼ ਦਾ ਸਾਹਮਣਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕਰਨਾ ਪਿਆ। ਆਪ ﷺ ਦਾ ਨਾਮ **ਮੁਹੰਮਦ** ਸੀ। ਇਸ ਨਾਮ ਨੂੰ ਵਿਗਾੜ ਕੇ **ਮੁਜ਼ੰਮਮ** ਕਿਹਾ ਜਾਂਦਾ ਯਾਨੀ ਨਊਜ਼ੁਬਿੱਲਾਹ نعوذباللہ ਸਭ ਤੋਂ ਜ਼ਿਆਦਾ ਨਿੰਦਿਆ ਕੀਤੇ ਜਾਣ ਵਾਲਾ। ਨਊਜ਼ੁਬਿੱਲਾਹ نعوذباللہ। ਆਪ ﷺ ਨੂੰ **ਕੱਜ਼ਾਬ** ਅਤੇ **ਝੂਠਾ** ਕਿਹਾ ਜਾਂਦਾ, **ਫ਼ਰੇਬੀ**, **ਲਾਲਚੀ** ਅਤੇ **ਧੋਖੇਬਾਜ਼** ਕਿਹਾ ਜਾਂਦਾ। ਪੱਥਰ ਮਾਰੇ ਜਾਂਦੇ ਅਤੇ ਕਦੀ ਗੰਦਗੀ ਆਪ ﷺ 'ਤੇ ਸੁੱਟੀ ਜਾਂਦੀ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਮੈਂ ਹਮੇਸ਼ਾ ਤਅੱਜੁਬ ਦੀ ਨਿਗਾਹ ਨਾਲ ਦੇਖਦਾ ਹਾਂ ਕਿ ਇਹ ਅਰਬੀ ਨਬੀ ਜਿਸ ਦਾ ਨਾਮ ਮੁਹੰਮਦ ਹੈ, ਇਹ ਕਿਸ ਉੱਚੇ ਮਰਤਬੇ ਦਾ ਨਬੀ ਹੈ। ਇਸ ਦੇ ਉੱਚੇ ਮੁਕ਼ਾਮ ਦਾ ਇੰਤਿਹਾ ਗਿਆਤ ਨਹੀਂ ਹੋ ਸਕਦਾ ਅਤੇ ਉਸ ਦੀ **ਪਵਿੱਤਰਤਾ** ਦੇ ਪ੍ਰਭਾਵ ਦਾ ਅੰਦਾਜ਼ਾ ਕਰਨਾ ਇਨਸਾਨ ਦਾ ਕੰਮ ਨਹੀਂ। ਅਫ਼ਸੋਸ ਕਿ ਜੈਸਾ ਹੱਕ਼ ਪਛਾਣ ਦਾ ਹੈ, ਉਸ ਦੇ ਮਰਤਬੇ ਨੂੰ ਪਛਾਣਿਆ ਨਹੀਂ ਗਿਆ। ਉਹ ਤੌਹੀਦ ਜਿਹੜੀ ਦੁਨੀਆ ਤੋਂ ਗੁਮ ਹੋ ਚੁੱਕੀ ਸੀ ਉਹੀ ਇੱਕ ਪਹਿਲਵਾਨ ਹੈ ਜਿਹੜਾ ਦੁਬਾਰਾ ਉਸ ਨੂੰ ਦੁਨੀਆ ਵਿੱਚ ਲਿਆਇਆ। ਉਸ ਨੇ ਖ਼ੁਦਾ ਨਾਲ ਇੰਤਿਹਾਈ ਦਰਜੇ 'ਤੇ ਮੁਹੱਬਤ ਕੀਤੀ ਅਤੇ ਇੰਤਿਹਾਈ ਦਰਜੇ 'ਤੇ ਇਨਸਾਨੀਅਤ ਦੀ ਹਮਦਰਦੀ ਵਿੱਚ ਉਸਦੀ ਜਾਨ ਗੁਦਾਜ਼ ਹੋਈ। ਇਸ ਲਈ ਖ਼ੁਦਾ ਨੇ ਜੋ ਉਸ ਦੇ ਦਿਲ ਦੇ ਰਾਜ਼ ਦਾ ਵਾਕ਼ਿਫ਼ ਸੀ, ਉਸ ਨੂੰ ਸਾਰੇ ਨਬੀਆਂ ਅਤੇ ਸਾਰੇ ਪਹਿਲਿਆਂ ਅਤੇ ਆਖ਼ਰੀ ਲੋਕਾਂ 'ਤੇ **ਫ਼ਜ਼ੀਲਤ** ਬਖ਼ਸ਼ੀ ਅਤੇ ਉਸ ਦੀਆਂ ਮੁਰਾਦਾਂ ਉਸ ਦੀ ਜ਼ਿੰਦਗੀ ਵਿੱਚ ਉਸ ਨੂੰ ਦਿੱਤੀਆਂ। ਉਹੀ ਹੈ ਜਿਹੜਾ ਸਰ ਚਸ਼ਮਾ ਹਰ ਇੱਕ ਫ਼ੈਜ਼ ਦਾ ਹੈ ਅਤੇ ਉਹ ਸ਼ਖ਼ਸ ਜਿਹੜਾ ਉਸ ਦੇ ਫ਼ੈਜ਼ ਦੇ ਇਕ਼ਰਾਰ ਦੇ ਬਗ਼ੈਰ ਕਿਸੇ ਫ਼ਜ਼ੀਲਤ ਦਾ ਦਾਅਵਾ ਕਰਦਾ ਹੈ, ਉਹ ਇਨਸਾਨ ਨਹੀਂ ਬਲਕਿ ਸ਼ੈਤਾਨ ਦੀ ਔਲਾਦ ਹੈ ਕਿਉਂਕਿ ਹਰ ਇੱਕ ਫ਼ਜ਼ੀਲਤ ਦੀ ਕੁੰਜੀ ਉਸ ਨੂੰ ਦਿੱਤੀ ਗਈ ਹੈ ਅਤੇ ਹਰ ਇੱਕ **ਮਅਰਿਫ਼ਤ** ਦਾ ਖ਼ਜ਼ਾਨਾ ਉਸ ਨੂੰ ਅਤਾ ਕੀਤਾ ਗਿਆ ਹੈ। ਜਿਹੜਾ ਉਸ ਦੇ ਜ਼ਰੀਏ ਤੋਂ ਨਹੀਂ ਪਾਉਂਦਾ ਉਹ ਹਮੇਸ਼ਾ ਲਈ ਵਾਂਝਾ ਹੈ। ਅਸੀਂ ਕੀ ਚੀਜ਼ ਹਾਂ ਅਤੇ ਸਾਡੀ ਹਕ਼ੀਕ਼ਤ ਕੀ ਹੈ। ਅਸੀਂ **ਨਿਅਮਤ** ਦਾ ਇਨਕਾਰ ਕਰਨ ਵਾਲੇ ਹੋਵਾਂਗੇ ਜੇਕਰ ਇਸ ਗੱਲ ਦਾ ਇਕ਼ਰਾਰ ਨਾ ਕਰੀਏ ਕਿ ਹਕ਼ੀਕ਼ੀ ਤੌਹੀਦ ਅਸੀਂ ਉਸੇ ਨਬੀ ਦੇ ਜ਼ਰੀਏ ਪਾਈ ਅਤੇ ਜਿਉਂਦੇ ਖ਼ੁਦਾ ਦੀ ਪਛਾਣ ਸਾਨੂੰ ਉਸੇ ਕਾਮਿਲ ਨਬੀ ਦੇ ਜ਼ਰੀਏ ਨਾਲ ਅਤੇ ਉਸ ਦੇ ਨੂਰ ਨਾਲ ਮਿਲੀ ਹੈ ਅਤੇ ਖ਼ੁਦਾ ਨਾਲ ਮੁਕਾਲਮੇ ਅਤੇ ਮੁਖ਼ਾਤਬੇ (ਵਾਰਤਆਲਾਪ ਅਤੇ ਗੱਲ ਬਾਤ) ਦਾ ਸ਼ਰਫ਼ ਵੀ, ਜਿਸ ਨਾਲ ਅਸੀਂ ਉਸ ਦਾ ਚਿਹਰਾ ਦੇਖਦੇ ਹਾਂ, ਉਸੇ ਬਜ਼ੁਰਗ ਨਬੀ ਦੇ ਜ਼ਰੀਏ ਸਾਨੂੰ ਮੁਯੱਸਰ ਆਇਆ ਹੈ।

ਫ਼ਰਮਾਇਆ: ਉਸ ਹਿਦਾਇਤ ਦੇ **ਸੂਰਜ** ਦੀ ਸ਼ੁਆ ਧੁੱਪ ਦੀ ਤਰ੍ਹਾਂ ਸਾਡੇ 'ਤੇ ਪੈਂਦੀ ਹੈ ਅਤੇ ਉਸੇ ਵਕ਼ਤ ਤੱਕ ਅਸੀਂ ਰੋਸ਼ਨ ਰਹਿ ਸਕਦੇ ਹਾਂ ਜਦ ਤੱਕ ਅਸੀਂ ਉਸ ਦੇ ਨਾਲ ਖੜੇ ਹਾਂ। ਉਹ ਲੋਕ ਜਿਹੜੇ ਗ਼ਲਤ ਖ਼ਿਆਲ 'ਤੇ ਜੱਮੇ ਹੋਏ

ਹਨ ਕਿ ਜਿਹੜਾ ਸ਼ਖ਼ਸ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਇਮਾਨ ਨਾ ਲਿਆਵੇ ਜਾਂ ਮੁਰਤਦ ਹੋ ਜਾਵੇ ਪਰ ਤੌਹੀਦ ‘ਤੇ ਕ਼ਾਇਮ ਹੋਵੇ ਅਤੇ ਖ਼ੁਦਾ ਨੂੰ ਵਾਹਿਦ ਲਾ ਸ਼ਰੀਕ ਜਾਣਦਾ ਹੋਵੇ ਉਹ ਵੀ **ਮੁਕਤੀ** ਪਾ ਜਾਵੇਗਾ ਅਤੇ ਇਮਾਨ ਨਾ ਲਿਆਉਣ ਜਾਂ ਮੁਰਤਦ ਹੋਣ ਨਾਲ ਉਸ ਦਾ ਕੁੱਝ ਵੀ ਹਰਜ ਨਾ ਹੋਵੇਗਾ.....ਮੁਕਤੀ ਦੋ ਗੱਲਾਂ ਤੇ ਆਧਾਰਿਤ ਹੈ। 1) ਇੱਕ ਇਹ ਕਿ ਮੁਕੰਮਲ ਯਕ਼ੀਨ ਨਾਲ ਖ਼ੁਦਾ ਤਆਲਾ ਦੀ ਹਸਤੀ ਅਤੇ ਵਹਦਾਨਿਯਤ ‘ਤੇ ਇਮਾਨ ਲਿਆਵੇ। 2) ਦੂਸਰਾ ਇਹ ਕਿ ਅਜਿਹੀ ਕਾਮਿਲ ਮੁਹੱਬਤ ਖ਼ੁਦਾ ਤਆਲਾ ਦੀ ਉਸ ਦੇ ਦਿਲ ਵਿੱਚ ਹੋਵੇ ਕਿ ਜਿਸ ਦੇ **ਕ਼ਬਜ਼ੇ** ਅਤੇ **ਗ਼ਲਬੇ** ਦਾ ਇਹ ਨਤੀਜਾ ਹੋਵੇ ਕਿ ਖ਼ੁਦਾ ਤਆਲਾ ਦੀ ਐਨ ਇਬਾਦਤ ਉਸ ਦੀ ਜਾਨ ਦੀ ਰਾਹਤ ਹੋਵੇ ਜਿਸ ਦੇ ਬਗ਼ੈਰ ਉਹ ਜੀ ਹੀ ਨਾ ਸਕੇ ਅਤੇ ਉਸਦੀ ਮੁਹੱਬਤ ਸਾਰੇ ਗ਼ੈਰਾਂ ਦੀਆਂ ਮੁਹੱਬਤਾਂ ਨੂੰ ਰੌਂਦ ਦੇਵੇ ਅਤੇ ਖ਼ਤਮ ਕਰ ਦੇਵੇ। ਇਹੀ ਹਕ਼ੀਕ਼ੀ ਤੌਹੀਦ ਹੈ ਜਿਹੜੀ ਸਾਡੇ ਸੱਯਦੋ ਮੌਲਾ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪੈਰਵੀ ਦੇ ਬਿਨਾ ਹਾਸਿਲ ਹੋ ਹੀ ਨਹੀਂ ਸਕਦੀ। ਕਿਉਂ ਹਾਸਿਲ ਨਹੀਂ ਹੋ ਸਕਦੀ, ਇਸ ਦਾ ਜਵਾਬ ਇਹ ਹੈ ਕਿ ਖ਼ੁਦਾ ਦੀ ਜ਼ਾਤ **ਗ਼ੈਬੁਲ੍ ਗ਼ੈਬ** ਅਤੇ **ਵਰਾਉਲ੍ ਵਰਾਅ** ਅਤੇ ਨਿਹਾਇਤ **ਮਖ਼ਫ਼ੀ** ਹੈ ਜਿਸ ਨੂੰ ਇਨਸਾਨੀ ਅਕ਼ਲਾਂ ਸਿਰਫ਼ ਆਪਣੀ ਤਾਕ਼ਤ ਨਾਲ ਦਰਿਆਫ਼ਤ ਨਹੀਂ ਕਰ ਸਕਦੀਆਂ ਅਤੇ ਕੋਈ ਅਕ਼ਲੀ ਦਲੀਲ ਉਸ ਦੇ ਵਜੂਦ ‘ਤੇ ਪੱਕੀ ਦਲੀਲ ਨਹੀਂ ਹੋ ਸਕਦੀ ਕਿਉਂਕਿ ਅਕ਼ਲ ਦੀ ਦੌੜ ਅਤੇ ਕੋਸ਼ਿਸ਼ ਸਿਰਫ਼ ਇਸ ਹੱਦ ਤੱਕ ਹੈ ਕਿ ਇਸ ਜਹਾਨ ਦੀਆਂ ਬਨਾਵਟਾਂ ‘ਤੇ ਨਜ਼ਰ ਕਰਕੇ ਬਣਾਉਣ ਵਾਲੇ ਦੀ ਜ਼ਰੂਰਤ ਮਹਿਸੂਸ ਕਰੇ ਮਗਰ ਜ਼ਰੂਰਤ ਦਾ ਮਹਿਸੂਸ ਕਰਨਾ ਹੋਰ ਚੀਜ਼ ਹੈ ਅਤੇ ਇਸ ਦਰਜਾ **ਐਨੁਲ੍ ਯਕ਼ੀਨ** ਤੱਕ ਪਹੁੰਚਣਾ ਕਿ ਜਿਸ ਖ਼ੁਦਾ ਦੀ ਜ਼ਰੂਰਤ ਮੰਨੀ ਗਈ ਹੈ ਉਹ ਦਰ-ਹਕ਼ੀਕ਼ਤ ਮੌਜੂਦ ਹੈ, ਇਹ ਹੋਰ ਗੱਲ ਹੈ। ਬਸ ਯਕ਼ੀਨਨ ਸਮਝੋ ਕਿ ਯਕ਼ੀਨੀ ਤੌਹੀਦ ਸਿਰਫ਼ ਨਬੀ ਦੇ ਜ਼ਰੀਏ ਨਾਲ ਹੀ ਮਿਲ ਸਕਦੀ ਹੈ। ਬਸ ਸਾਨੂੰ ਚਾਹੀਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ ਸੱਚਾ ਇਸ਼ਕ਼ ਕਰੀਏ। ਇਸ ਜ਼ਮਾਨੇ ਵਿੱਚ ਅੱਲਾਹ ਤਆਲਾ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਨੂੰ ਤੌਹੀਦ ਦੇ ਪੈਗ਼ਾਮ ਲਈ ਭੇਜਿਆ ਹੈ ਅਤੇ ਅਸੀਂ ਆਪ ﷺ ਦੀ **ਬੈਅਤ** ਕੀਤੀ ਹੈ। ਇਸ ਲਈ ਸਾਨੂੰ ਵੀ ਭਰਪੂਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਸੀਂ ਉਸ ਦਾ ਹੱਕ਼ ਅਦਾ ਕਰਨ ਵਾਲੇ ਹੋਈਏ। ਰਮਜ਼ਾਨ ਦੇ ਦਿਨਾਂ ਵਿੱਚ ਖ਼ਾਸ ਤੌਰ ‘ਤੇ ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਤੌਹੀਦ ਦੇ ਕ਼ਿਆਮ ਦੇ ਲਈ ਅਸੀਂ ਸਭ ਤੋਂ ਅੱਗੇ ਹੋਈਏ। ਅੱਲਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ਼ ਦੇਵੇ। **ਉੱਮਤਿ ਮੁਸਲਿਮਾ** ਦੇ ਲਈ ਵੀ ਦੁਆ ਕਰੋ, ਇਹ ਵੀ ਹਕ਼ੀਕ਼ੀ ਤੌਹੀਦ ਨੂੰ ਸਮਝਣ ਵਾਲੇ ਹੋਣ ਅਤੇ ਇਸ ‘ਤੇ ਅਮਲ ਕਰਨ ਵਾਲੇ ਹੋਣ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਜ਼ਿਕਰੁੱਲਾਹ ਤਾਯੂ ਅੱਯੂਬ ਸਾਹਿਬ ਮੁਰੱਬੀ ਸਿਲਸਿਲਾ ਨਾਈਜੇਰੀਆ ਦਾ **ਜ਼ਿਕਰਿ ਖ਼ੈਰ** ਕੀਤਾ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞